بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 16.06.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਝੂਠ ਜਿਹੀ ਕੋਈ ਮਨਹੂਸ ਚੀਜ ਨਹੀਂ

ਝੂਠ ਵੀ ਇਕ ਬੁੱਤ ਹੈ ਜਿਸ'ਤੇ ਭਰੋਸਾ ਕਰਨ ਵਾਲਾ ਰੱਬ ਦਾ ਭਰੋਸਾ ਛੱਡ ਦਿੰਦਾ ਹੈ ਇਉਂ ਝੂਠ ਬੋਲਣ ਨਾਲ ਰੱਬ ਵੀ ਹੱਥੋਂ ਜਾਂਦਾ ਹੈ, ਪਾਕ ਹੋਣ ਲਈ ਜ਼ਰੂਰੀ ਹੈ ਕਿ ਝੂਠ ਅਤੇ ਹਰ ਪ੍ਰਕਾਰ ਦੇ ਸ਼ਿਰਕ (ਅਨੇਕ ਈਸ਼ਵਰਵਾਦ) ਤੋਂ ਮਨੁੱਖ ਬਚੇ

---

## ਹੰਕਾਰ ਸ਼ੈਤਾਨ ਰਾਹੀਂ ਆਇਆ ਹੈ ਅਤੇ ਸ਼ੈਤਾਨ ਬਣਾ ਦਿੰਦਾ ਹੈ

ਜੱਦ ਤੱਕ ਮਨੁੱਖ ਇਸ ਤੋਂ ਦੂਰ ਨ ਹੋਵੇ, ਇਹ ਸਚਾਈ ਦੇ ਮੰਨ੍ਹਣ ਤੇ ਈਸ਼ਵਰੀ ਹਿੱਤਾਂ ਦੇ ਮਾਰਗ ਵਿੱਚ ਰੋਕ ਹੋ ਜਾਂਦਾ ਹੈ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 16 ਜੂਨ 2017 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਮੈਂ ਦੱਸਿਆ ਸੀ ਕਿ ਤਕਵਾ (ਸਜੰਮਤਾ) ਲਈ ਅਖ਼ਲਾਕ (ਉੱਚੇ ਆਚਣਣ) ਜ਼ਰੂਰੀ ਹਨ । ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਫ਼ਰਮਾਨ ਹੈ ਕਿ ਮਨੁੱਖ ਮੁਤੱਕੀ (ਸੰਜਮੀ) ਉਸ ਸਮੇਂ ਬਣਦਾ ਹੈ ਜੱਦ ਉਸ ਵਿੱਚ ਸਾਰੇ ਖ਼ੁਲਕ (ਚੰਗੇ ਆਚਰਣ) ਮੌਜੂਦ ਹੋਣ । ਸੋ, ਮੋਮਨ ਨੂੰ ਜਤਨ ਕਰਨਾ ਚਾਹੀਦਾ ਹੈ ਕਿ ਸਾਰਿਆਂ ਅਖ਼ਲਾਕ (ਆਚਰਣਾ) ਨੂੰ ਅਪਣਾਏ, ਫਿਰ ਹੀ ਉਹ ਉਤੱਮ ਖ਼ੁਲਕ (ਉਤੱਮ ਆਚਰਣ) ਉਸ ਵਿੱਚ ਪੈਦਾ ਹੋ ਸਕਦੇ ਹਨ ਜੋ ਮੁਤੱਕੀ (ਸੰਜਮੀ) ਲਈ ਜ਼ਰੂਰੀ ਹਨ ਪਰ ਕੁਝ ਖ਼ੁਲਕ ਦੀਆਂ ਗਲੱਾਂ ਅਜਿਹੀਆਂ ਹਨ ਜੋ ਜੇਕਰ ਇਕ ਮੋਮਨ ਵਿੱਚ ਨਹੀਂ ਤਾਂ ਫਿਰ ਉਸ ਦੇ ਇਮਾਨ ਦਾ ਮਿਆਰ ਵੀ ਚਿੰਤਾ ਦਾ ਵਿਸ਼ੇ ਹੋ ਜਾਂਦਾ ਹੈ । ਉਹਨਾਂ

ਵਿੱਚੋਂ ਸਭ ਤੋਂ ਮਹਤੱਵਪੂਰਨ ਗੱਲ ਝੂਠ ਤੋਂ ਬਚਣਾ ਹੈ । ਕੁਰਆਨ ਕਰੀਮ ਵਿਚ ਰੱਬ ਫ਼ਰਮਾਉਂਦਾ ਹੈ ਕਿ (فَاجْتَنِبُوا الرِّجْسَ مِنَ الْأَوْثَانِ وَاجْتَنِبُوا قَوْلَ الزُّورِ) 'ਫ਼ਜਤਨਿਬੁਰ ਰਿਜਸਾ ਮਿਨਲ ਔਸਾਨਿ ਵਜਤਨਿਬੂ ਕੌਲਜ਼ੂੱਰਿ'

ਸੋ, ਤੁਸੀਂ ਬੁਤਾਂ ਦੀ ਅਪਵਿਤੱਰਤਾ ਤੋਂ ਬਚੋ ਅਤੇ ਝੂਠ ਬੋਲਣ ਤੋਂ ਬਚੋ । ਸੋ, ਬੁਤਾਂ ਦੀ ਪੂਜਾ ਤੇ ਝੂਠ ਨੂੰ ਮਿਲਾਕੇ ਸਪਸ਼ਟ ਕਰ ਦਿਤੱਾ ਕਿ ਜੇਕਰ ਤੁਹਾਡੇ ਅੰਦਰ ਸਚੱਾਈ ਨਹੀਂ ਅਤੇ ਸੱਚੀ ਗੱਲ ਕਹਿਣ ਦੀ ਆਦਤ ਨਹੀਂ ਤਾਂ ਇਹ ਅਜਿਹਾ ਵਡੱਾ ਪਾਪ ਹੈ ਜਿਵੇਂ ਬੁਤਾਂ ਨੂੰ ਪੂਜਣਾ । ਇਹ ਸੰਭਵ ਹੀ ਨਹੀਂ ਕਿ ਇਕ ਮੋਮਨ ਨੂੰ ਰੱਬ ਦੇ ਇਕ ਹੋਣ ਉਪੱਰ ਵੀ ਇਮਾਨ ਹੋਵੇ ਅਤੇ ਫਿਰ ਪ੍ਰਕਟ ਜਾਂ ਗੁਪਤ ਬੁਤਾਂ ਦੇ ਗੰਦ ਵਿੱਚ ਵੀ ਗੜੁੰਦ ਹੋਵੇ ।

ਸੋ, ਇਹ ਬਹੁਤ ਵੱਡੀ, ਖੁੱਲੀ ਤੇ ਸਪਸ਼ਟ ਵਾਰਨਿੰਗ ਹੈ ਇਕ ਇਮਾਨ ਦਾ ਦਾਵਾ ਕਰਨ ਵਾਲੇ ਨੂੰ ਕਿ ਜੇਕਰ ਮੋਮਨ ਹੋ ਤਾਂ ਸਚੱਾਈ ਦੇ ਉਤੱਮ ਮਿਆਰ ਵੀ ਅਪਨਾਉਣੇ ਹੋਣਗੇ ਵਰਨਾ ਆਪਣੇ ਇਮਾਨ ਦੀ ਚਿੰਤਾ ਕਰੋ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਬਾਰੇ ਬਹੁਤ ਵੱਡੇ ਦੁੱਖ ਦਾ ਪ੍ਰਕਟਨ ਕੀਤਾ ਹੈ ਜੋ ਹਰ ਅਹਮਦੀ ਨੂੰ ਹਰ ਸਮੇਂ ਆਪਣੇ ਸਾਹਣੇ ਰਖੱਣ ਦੀ ਲੜ ਹੈ ਤਾਂ ਜੋ ਅਸੀਂ ਆਪਣੇ ਇਮਾਨ ਨੂੰ ਮਜ਼ਬੂਤ ਕਰਦਿਆਂ ਹੋਇਆਂ ਤਕਵਾ (ਸੰਜਮਤਾ) ਵੱਲ ਵਧੱਣ ਵਾਲੇ ਹੋਈਏ । ਆਪ ਫ਼ਰਮਾਉਂਦੇ ਹਨ : ਕੁਰਾਆਨ ਸ਼ਰੀਫ਼ ਨੇ ਧੋਖੇ (ਝੂਠ) ਨੂੰ ਬੁੱਤ ਪ੍ਰਸਤੀ ਦੇ ਬਰਾਬਰ ਦੱਸਿਆ ਹੈ ਜਿਵੇਂ ਕਿ ਰੱਬ ਫ਼ਰਮਾਉਂਦਾ ਹੈ, (فَاجْتَنِبُوا الرِّجْسَ مِنَ الْأَوْثَانِ وَاجْتَنِبُوا قَوْلَ الزُّورِ) 'ਫ਼ਜਤਨਿਬੁਰ ਰਿਜਸਾ ਮਿਨਲ ਔਸਾਨਿ ਵਜਤਨਿਬੂ ਕੌਲਜ਼ੂੱਰਿ' ਅਰਥਾਤ ਬੁਤਾਂ ਦੇ ਗੰਦ ਤੇ ਝੂਠ ਦੇ ਗੰਦ ਤੋਂ ਪਰਹੇਜ਼ ਕਰੋ । ਅਰਥਾਤ ਝੂਠ ਵੀ ਇਕ ਬੁੱਤ ਹੈ ਜਿਸ'ਤੇ ਭਰੋਸਾ ਕਰਨ ਵਾਲਾ ਰੱਬ ਦਾ ਭਰੋਸਾ ਛੱਡ ਦਿੰਦਾ ਹੈ, ਇਉਂ ਝੂਠ ਬੋਲਣ ਨਾਲ ਰੱਬ ਵੀ ਹੱਥੋਂ ਜਾਂਦਾ ਹੈ । ਸੋ, ਪਾਕ ਹੋਣ ਲਈ ਜ਼ਰੂਰੀ ਹੈ ਕਿ ਕਿ ਝੂਠ ਅਤੇ ਹਰ ਪ੍ਰਕਾਰ ਦੇ ਸ਼ਿਰਕ ਤੋਂ ਮਨੁੱਖ ਬਚੇ ।

ਫ਼ਰਮਾਇਆ : ਝੂਠ ਨੂੰ ਬੁੱਤ ਸਮਾਨ ਰੱਖਿਆ ਹੈ ਅਤੇ ਵਾਸਤਵ ਵਿੱਚ ਝੂਠ ਵੀ ਇਕ ਬੁੱਤ ਹੈ ਵਰਨਾ ਕਿਉਂ ਸਚੱਾਈ ਨੂੰ ਛਡੱਕੇ ਦੂਜੇ ਪਾਸੇ ਜਾਂਦਾ ਹੈ । ਝੂਠ ਬੋਲਣ ਵਾਲਿਆਂ ਦਾ ਭਰੋਸਾ ਏਥੋਂ ਤੱਕ ਘੱਟ ਜਾਂਦਾ ਹੈ ਕਿ ਜੇਕਰ ਉਹ ਸੱਚ ਵੀ ਕਹਿਣ ਤਾਂ ਵੀ ਇਹ ਵਿਚਾਰ ਕੀਤਾ ਜਾਂਦਾ ਹੈ ਕਿ ਇਸ ਵਿੱਚ ਵੀ ਕੁਝ ਝੂਠ ਦੀ ਮਿਲਾਵਟ ਨ ਹੋਵੇ । ਜੇਕਰ ਝੂਠ ਬੋਲਣ ਵਾਲੇ ਚਾਹੁਣ ਕਿ ਸਾਡਾ ਝੂਠ ਘੱਟ ਜਾਵੇ ਤਾਂ ਛੇਤੀ ਨਾਲ ਨਹੀਂ ਦੂਰ ਨਹੀਂ ਹੁੰਦਾ । ਫ਼ਰਮਾਇਆ ਕਿ ਚਿਰ੍ਹਾਂ ਤੱਕ ਅਭਿਆਸ ਤੇ ਸੰਘਰਸ਼ ਕਰਨ ਤਾਂ ਫਿਰ ਜਾਕੇ ਸਚੱ ਬੋਲਣ ਦੀ ਆਦਤ ਉਹਨਾਂ ਨੂੰ ਹੋਵੇਗੀ ।

ਆਪ ਫ਼ਰਮਾਉਂਦੇ ਹਨ ਕਿ ਜਿਵੇਂ ਮੂਰਖ ਮਨੁੱਖ ਰੱਬ ਨੂੰ ਛਡੱਕੇ ਪਥੱਰ ਵੱਲ ਸਿਰ ਝੁਕਾਉਂਦਾ ਹੈ, ਉਸੇ ਪ੍ਰਕਾਰ ਸਚੱਾਈ ਤੇ ਸੁਮਾਰਗ ਨੂੰ ਛਡੱਕੇ ਆਪਣੇ ਮਨੋਰਥ ਲਈ ਝੂਟ ਨੂੰ ਬੁੱਤ ਬਣਾਉਂਦਾ ਹੈ । ਇਸ ਤੋਂ ਵਧੱਕੇ ਹੋਰ ਕੀ ਬਦਕਿਸਮਤੀ ਹੋਵੇਗੀ ਕਿ ਝੂਠ'ਤੇ ਆਪਣੇ ਜੀਵਨ ਦਾ ਅਧਾਰ ਸਮਝਦੇ ਹਨ, ਪਰ ਮੈਂ ਤੁਹਾਨੂੰ ਵਿਸ਼ਵਾਸ ਦੁਆਉਂਦਾ ਹਾਂ ਕਿ ਅਖ਼ੀਰ ਸੱਚ ਹੀ ਸਫ਼ਲ ਹੁੰਦਾ ਹੈ, ਭਲਾਈ ਤੇ ਫ਼ਤਹਿ ਉਸੇ ਦੀ ਹੈ । ਆਪ ਫ਼ਰਮਾਉਂਦੇ ਹਨ ਕਿ ਨਿਸ਼ਚੇ ਹੀ ਚੇਤੇ ਰੱਖੋ ਝੂਠ ਜਿਹੀ ਕੋਈ ਮਨਹੂਸ ਚੀਜ ਨਹੀਂ । ਸਾਧਾਰਣ ਤੌਰ'ਤੇ ਦੁਨੀਆਦਾਰ ਕਹਿੰਦੇ ਹਨ ਸੱਚ ਬੋਲਣ ਵਾਲੇ ਗ੍ਰਿਫ਼ਤਾਰ ਹੋ ਜਾਂਦੇ ਹਨ ਪਰ ਮੈਂ ਉਸ ਨੂੰ ਕਿਵੇਂ ਸਵੀਕਾਰ ਕਰਾਂ ਮੇਰੇ ਉਪੱਰ ਸੱਤ ਮੁਕਦੱਮੇ ਹੋਏ ਅਤੇ ਰੱਬ ਦੀ ਮਿਹਰ ਨਾਲ ਕਿਸੇ ਇਕ ਵਿੱਚ ਵੀ ਇਕ ਵੀ ਸ਼ਬਦ ਮੈਨੂੰ ਝੂਠ ਲਿਖੱਣ ਦੀ ਲੋੜ ਨਹੀਂ ਪਈ । ਰੱਬ ਤਾਂ ਆਪ ਸਚੱਾਈ ਦਾ ਹਾਮੀ ਤੇ ਸਹਾਇਕ ਹੈ । ਇਹ ਹੋ ਸਕਦਾ ਹੈ ਕਿ ਉਹ ਸੁਮਾਰਗੀ ਨੂੰ ਦੰਡ ਦੇਵੇ ? ਜੇਕਰ ਅਜਿਹਾ ਹੋਵੇ ਤਾਂ ਦੁਨੀਆ

ਵਿੱਚ ਕੋਈ ਮਨੁੱਖ ਸੱਚ ਬੋਲਣ ਦਾ ਸਾਹਸ ਹੀ ਨ ਕਰੇ ਅਤੇ ਰੱਬ ਉਪੱਰੋ ਵਿਸ਼ਵਾਸ਼ ਹੀ ਮੁੱਕ ਜਾਵੇ । ਸੁਮਾਰਗੀ ਤਾਂ ਜੀਉਂਦੇ ਹੀ ਮਰ ਜਾਣ । ਫ਼ਰਮਾਉਂਦੇ ਹਨ ਕਿ ਅਸਲ ਗੱਲ ਇਹ ਹੈ ਕਿ ਸੱਚ ਬੋਲਣ ਨਾਲ ਜੋ ਦੰਡ ਪਾਉਂਦੇ ਹਨ ਉਹ ਸੱਚ ਕਰਕੇ ਨਹੀਂ ਪਾਉਂਦੇ ਸਗੋਂ ਉਹ ਦੰਡ ਓਹਨਾਂ ਦੀਆਂ ਕੁਝ ਗੁਪਤ ਦਰ ਗੁਪਤ ਬਦਕਾਰੀਆਂ ਦਾ ਹੁੰਦਾ ਹੈ । ਰੱਬ ਕੋਲ ਤਾਂ ਉਹਨਾਂ ਦੀਆਂ ਬਦੀਆਂ ਦੀ ਸ਼ਰਾਰਤਾਂ ਦੀ ਇਕ ਸੂਰੀ ਹੁੰਦੀ ਹੈ ਉਹਨਾਂ ਦੀਆਂ ਬਹੁਤ ਸਾਰੀਆਂ ਖ਼ਤਾਵਾਂ ਹੁੰਦੀਆਂ ਹਨ ਅਤੇ ਕਿਸੇ ਨ ਕਿਸੇ ਵਿੱਚ ਉਹ ਦੰਡ ਪਾ ਲੈਂਦੇ ਹਨ । ਫਰਮਾਇਆ ਕਿ ਨਿਰੰਤਰ ਨੇਕੀਆਂ ਦੀ ਆਦਤ ਪਾਉਂਣੀ ਚਾਹੀਦੀ ਹੈ ਅਤੇ ਨੇਕੀਆਂ ਉਪੱਰ ਪਕਿਆਈ ਪ੍ਰਾਪਤ ਹੋਣੀ ਚਾਹੀਦੀ ਹੈ ਅਤੇ ਜੱਦ ਮਨੁੱਖ ਅਸਤਗ਼ਫ਼ਰ ਕਰੇ ਅਤੇ ਬੁਰਾਈਆਂ ਤੋਂ ਬਚਣ ਲਈ ਪ੍ਰਣ ਕਰੇ ਤਾਂ ਫਿਰ ਹਮੇਸ਼ਾ ਉਸ'ਤੇ ਕਾਇਮ ਰਹਿਣ ਦਾ ਜਤਨ ਕਰੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਦੁਨੀਆਦਾਰਾਂ ਦੀ ਤਾਂ ਇਹ ਅਵਸਥਾ ਹੈ ਕਿ ਹਰ ਮਾਮਲੇ ਵਿੱਚ ਨਿੱਕੀ ਤੋਂ ਨਿੱਕੀ ਗੱਲ ਵਿੱਚ ਝੂਠ ਬੋਲਦੇ ਹਨ । ਸੋ, ਪਿਛੱਲੇ ਦਿਨੀ ਨੈਸ਼ਲ ਜਿਉਗ੍ਰਫ਼ਿਕ ਦਾ ਰਸਾਲਾ ਆਇਆ ਉਸ ਵਿੱਚ ਇਕ ਵਡੱਾ ਲੇਖ ਸੀ ਝੂਠ ਬਾਰੇ ਅਤੇ ਇਹ ਖੋਜ ਸੀ ਕਿ ਅਸੀਂ ਝੂਠ ਕਿਉਂ ਬੋਲਦੇ ਹਾਂ । ਉਹਨਾਂ ਨੇ ਜੋ ਸਰਵੇ ਕੀਤਾ ਉਸ'ਤੇ ਪਤਾ ਲਗੱਾ ਕਿ ਹਰ ਮਨੁੱਖ ਪ੍ਰਤੀਦਿਨ ਤਿੰਨ ਚਾਰ ਝੂਠ ਬੋਲਦਾ ਹੈ ਅਤੇ ਵੱਖ ਵੱਖ ਪ੍ਰਕਾਰ ਦੇ ਝੂਠ ਹਨ ਕਿਸੇ ਦੀ ਗਾਈਡੈਂਸ ਕਰਨੀ ਹੈ ਤਾਂ ਸਹੀ ਨ ਕਰੋ, ਇਸ ਵਿੱਚ ਵੀ ਝੂਠ ਬੋਲਿਆ, ਧੋਖਾ ਦੇਣਾ ਹੈ ਕਿਸੇ ਨੂੰ ਇਸ ਲਈ ਵੀ ਝੂਠ ਬੋਲਦੇ ਹਨ । ਆਪਣੀਆਂ ਕਮਜ਼ੋਰੀਆਂ ਲੁਕਾਉਣ ਲਈ ਝੂਠ ਬੋਲਿਆ ਜਾਂਦਾ ਹੈ । ਆਪਣੇ ਬਾਰੇ ਗ਼ਲਤ ਪ੍ਰਭਾਵ ਸਥਾਪਤ ਕਰਨ ਲਈ ਝੂਠ ਬੋਲਿਆ ਜਾਂਦਾ ਹੈ । ਆਪਣੇ ਹਉਮੈਂ ਲਈ ਝੂਠ ਬੋਲਿਆ ਜਾਂਦਾ ਹੈ । ਇਹ ਤਾਂ ਛੋਟੇ ਛੋਟੇ ਝੂਠ ਹਨ । ਵੱਡੇ ਝੂਠਾਂ ਵਿੱਚ ਉਸ ਨੇ ਵਰਨਣ ਕੀਤਾ ਕਿ ਪਤੀ ਪਤਨੀ ਦੇ ਆਪਣੇ ਸੰਬੰਧ ਜੋ ਉਹਨਾਂ ਦੇ ਦੂਜਿਆਂ ਨਾਲ ਹੁੰਦੇ ਹਨ ਉਹਨਾਂ ਨੂੰ ਲੁਕਾਉਣ ਲਈ ਝੂਠ ਬੋਲਦੇ ਹਨ । ਜਦੱ ਪਤਨੀ ਅਤੇ ਪਤੀ ਦੀ ਮਿਤੱਰਤਾ ਗ਼ਲਤ ਢੰਗ ਨਾਲ ਹੋ ਜਾਂਦੀ ਹੈ ਸੁਤੰਤਰਤਾ ਕਰਕੇ ਉਸ'ਤੇ ਝੂਠ ਬੋਲਣਾ ਪੈਂਦਾ ਹੈ, ਫਿਰ ਜੱਦ ਝੂਠ ਦਾ ਪੋਲ ਖੁਲਦਾ ਹੈ ਤਾਂ ਫਿਰ ਲੜਾਈਆਂ ਸ਼ੁਰੂ ਹੋ ਜਾਂਦੀਆਂ ਹਨ ਫਿਰ ਵਖੱਰੇ ਹੋਣ ਤੇ ਤਲਾਕਾਂ ਦੀ ਨੌਬਤ ਆ ਜਾਂਦੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸਾਡੇ ਏਥੇ ਵੀ ਜੇਕਰ ਪੜਤਾਲ ਕਰੀਏ ਤਾਂ ਤਲਾਕ ਤੇ ਖ਼ੁਲਾਅ ਦੀ ਨੌਬਤ ਇਸ ਲਈ ਆਉਂਦੀ ਹੈ ਕਿ ਝੂਠ ਦਾ ਆਸਰਾ ਲਿਆ ਜਾਂਦਾ ਹੈ ਜੱਦ ਕਿ ਇਸ ਮੁਢੱਲੇ ਬੋਧਕ ਨੁਕਤੇ ਨੂੰ ਸਮਝਦਿਆਂ ਹੋਇਆਂ ਸਾਨੂੰ ਨਿਕਾਹ ਦੇ ਖੁਤਬੇ ਵਿੱਚ ਜਿੰਨ੍ਹਾ ਆਇਤਾਂ ਦੀ ਤਲਾਵਤ ਕਰਨ ਲਈ ਕਿਹਾ ਗਿਆ ਹੈ, ਉਸ ਵਿੱਚ ਇਹ ਆਇਤ ਵੀ ਸ਼ਾਮਲ ਹੈ ਕਿ (يَٰٓأَيُّهَا ٱلَّذِينَ ءَامَنُوا۟ ٱتَّقُوا۟ ٱللَّهَ وَقُولُوا۟ قَوْلًا سَدِيدًا) ਯਾ ਅੱਯੁ ਹਲੱਜ਼ੀਨਾ ਆਮਾਨੁਤੱਾਕੁਲੱਾਹਾ ਵਕੂਲੂ ਕੌਲਨ ਸਦੀਦਾ' ਕਿ ਹੇ, ਲੋਕੋ ਜੋ ਇਮਾਨ ਲਿਅਆਏ ਹੋ ! ਰੱਬ ਦਾ ਤਕਵਾ (ਸੰਜਮਤਾ) ਧਾਰਣ ਕਰੋ ਅਤੇ ਸਾਫ਼ ਤੇ ਸਿੱਧੀ ਗੱਲ ਕਰਿਆ ਕਰੋ । ਅਤੇ ਫਿਰ ਅੱਗੇ ਫ਼ਰਮਾਇਆ, (يُصْلِحْ لَكُمْ أَعْمَٰلَكُمْ وَيَغْفِرْ لَكُمْ ذُنُوبَكُمْ ط وَمَن يُطِعِ ٱللَّهَ وَرَسُولَهُۥ فَقَدْ فَازَ فَوْزًا عَظِيمًا) 'ਯੁਸਲਿਹ ਲਕੁਮ ਆਮਾਲਾਕੁਮ ਵ ਯਗ਼ਫ਼ਿਰ-ਲਕੁਮ ਜ਼ੁਨੂ-ਬਕੁਮ, ਵਮੰਯੁਤਿਇਲੱਾਹਾਵ ਰਸੂਲੁਹੂ ਫ਼ਕਦ ਫ਼ਾਜ਼ਾ ਫ਼ੌਜ਼ਨ ਅਜ਼ੀਮਾ' ਕਿ ਜੇਕਰ ਤੁਸੀਂ ਅਜਿਹਾ ਕਰੋਗੇ ਤਾਂ ਰੱਬ ਤੁਹਾਡੇ ਕਰਮ ਠੀਕ ਕਰ ਦੇਵੇਗਾ ਅਤੇ ਤੁਹਾਡੇ ਪਾਪਾਂ ਨੂੰ ਮੁਆਫ਼ ਕਰ ਦੇਵੇਗਾ ਅਤੇ ਜੋ ਰੱਬ ਅਤੇ ਉਸ ਦੇ ਰਸੂਲ ਦੀ ਅਗਿਆਕਾਰੀ ਕਰੇ ਬਹੁਤ ਸਫ਼ਲਤਾ ਪ੍ਰਾਪਤ ਕਰਦਾ ਹੈ । ਫ਼ਰਮਾਇਆ : ਜੱਦ ਅਜ਼ਾਦੀ ਦੇ ਨਾਂ'ਤੇ ਪਰਦੇ ਖ਼ਤਮ ਹੁੰਦੇ ਹਨ ਤਾਂ

ਸ਼ੰਕਾਵਾਂ ਪੈਦਾ ਹੁੰਦੀਆਂ ਹਨ ਅਤੇ ਫ਼ਿਰ ਬੇਭਰੋਸਗੀ ਪੈਦਾ ਹੁੰਦੀ ਹੈ ਫਿਰ ਝੂਠ ਦਾ ਆਸਰਾ ਲੈਂਣਾ ਪੈਂਦਾ ਹੈ ਇਕ ਲੜੀ ਚੱਲ ਪੈਦੀ ਹੈ ਜੋ ਨ ਮੁਕੱਣ ਵਾਲੀ ਹੁੰਦੀ ਹੈ ।

ਫ਼ਰਮਾਇਆ : ਬਹਿਰਹਾਲ ਰੱਬ ਨੇ ਏਥੇ ਪਤੀ ਪਤਨੀ ਦੇ ਸੰਬੰਧਾਂ ਵਿੱਚ ਇਸ ਹੱਦ ਤੱਕ ਸਚੱਾਈ ਦੀ ਗੱਲ ਕੀਤੀ ਹੈ ਕਿ ਕੋਈ ਹੇਰ ਫੇਰ ਨ ਹੋਵੇ, ਸਚੱਾਈ ਦਾ ਉਤੱਮ ਮਿਆਰ ਹੋਵੇ । ਇਸ ਨਾਲ ਜਿੱਥੇ ਤੁਹਾਡੇ ਸੰਬੰਧ ਖ਼ੁਸ਼ਗਵਾਰ ਹੋਣਗੇ, ਤੁਹਾਡੇ ਬੱਚੇ ਵੀ ਅਨੇਕਾਂ ਸਮੱਸਿਆਵਾਂ ਤੋਂ ਬਚਣਗੇ, ਰੱਬ ਤੁਹਾਡੇ ਪਾਪ ਵੀ ਮੁਆਫ਼ ਕਰੇਗਾ ਅਤੇ 'ਫ਼ੌਜ਼ਨ ਅਜ਼ੀਮ' ਤੇ ਵੱਡੀਆਂ ਸਫ਼ਲਤਾਵਾਂ ਵੀ ਪ੍ਰਦਾਨ ਕਰੇਗਾ । ਸੋ, ਇਹ ਸੁੰਦਰ ਆਦੇਸ਼ ਹੈ ਇਸਲਾਮ ਦਾ ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਸਿੱਧੀ ਤੇ ਸੱਚੀ ਗੱਲ ਤੋਂ ਕੰਮ ਨਹੀਂ ਲੈਂਦੇ, ਇਸ ਤੋਂ ਵੱਧ ਬਦਕਿਸਮਤ ਕੌਣ ਹੋ ਸਕਦਾ ਹੈ ।

ਸੋ ਸਾਨੂੰ ਆਪਣੀ ਸਚੱਾਈ ਦੇ ਮਿਆਰਾਂ ਨੂੰ ਪਰਖਣ ਦੀ ਲੋੜ ਹੈ ਉਹਨਾਂ'ਤੇ ਦ੍ਰਿਸ਼ਟੀ ਰਖੱਣ ਦੀ ਲੋੜ ਹੈ । ਰੱਬ ਗਵਾਹੀਆਂ ਬਾਰੇ ਫ਼ਰਮਾਉਂਦਾ ਹੈ ਕਿ ਝੂਠੀਆਂ ਗਵਾਹੀਆਂ ਨ ਦਿਓ । ਭਗਤਾਂ ਬਾਰੇ ਰੱਬ ਫ਼ਰਮਾਉਂਦਾ ਹੈ ਕਿ ( وَالَّذِيْنَ لَا يَشْهَدُوْنَ الزُّوْرَ) ਵਲੱਜ਼ੀਨਾ ਲਾ ਯਸ਼-ਹਦੂਨਜ਼ੂੱਰਾ' ਅਤੇ ਉਹ ਲੋਕ ਝੂਠੀ ਗਵਾਹੀ ਨਹੀਂ ਦਿੰਦੇ । ਫ਼ਰਮਾਇਆ : ਜੇਕਰ ਅਸੀਂ ਚਾਹੁੰਦੇ ਹਾਂ ਕਿ ਰਹਮਾਨ ਰੱਬ ਦੇ ਬੰਦੇ ਬਣੀਏ ਅਤੇ ਇਮਾਨ ਵਿੱਚ ਵੱਧੀਏ ਤਾਂ ਫਿਰ ਝੂਠ ਤੋਂ ਬਚਣਾ ਹੋਵੇਗਾ । ਸਾਡੀ ਸਚੱਾਈ ਦੇ ਮਿਆਰ ਕੀ ਹੋਣੇ ਚਾਹੀਦੇ ਹਨ ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕਿ ਮੈਂਨੂੰ ਇਸ ਸਮੇਂ ਇਸ ਨਸੀਹਤ ਦੀ ਲੋੜ ਨਹੀਂ ਕਿ ਤੁਸੀਂ ਖ਼ੂਨ ਨ ਕਰੋ ਕਿਉਂਕਿ ਸਿਵਾਏ ਅਤਿਅੰਤ ਦੁਰਾਚਾਰੀ ਦੇ ਕੌਣ ਨਿਰਦੋਸ਼ ਦੇ ਖ਼ੂਨ ਕਰਨ ਲਈ ਪੈਰ੍ਹ ਪੁਟੱਦਾ ਹੈ ਪਰ ਮੈਂ ਕਹਿੰਦਾ ਹਾਂ ਕਿ ਅਨਿਆਏ ਉਪੱਰ ਹੱਠ ਕਰਕੇ ਸਚੱਾਈ ਦਾ ਖ਼ੂਨ ਨ ਕਰੋ । ਸਚੱਾਈ ਨੂੰ ਕੁਬੂਲ ਕਰ ਲਓ ਭਾਵੇਂ ਇਕ ਬੱਚੇ ਨਾਲ, ਸੱਚ'ਤੇ ਠਹਿਰ ਜਾਓ ਅਤੇ ਸੱਚੀ ਗਵਾਹੀ ਦਿਓ ਜਿਵੇਂ ਕਿ ਪ੍ਰਤਾਪੀ ਰੱਬ ਫ਼ਰਮਾਉਂਦਾ ਹੈ, ( اجْتَنِبُوا الرِّجْسَ مِنَ الْاَوْثَانِ وَاجْتَنِبُوْا قَوْلَ الزُّوْرِ) 'ਇਜ-ਤਨਿਬੁਰ ਰਿਜਸਾ ਮਿਨਲ ਔਸਾਨਿ ਵਜਤਨਿਬੂ ਕੌਲਜ਼ੂਰਿ' ਅਰਥਾਤ ਬੁਤਾਂ ਦੀ ਪਲੀਦੀ (ਗੰਦਗੀ) ਤੋਂ ਬਚੋ ਅਤੇ ਝੂਠ ਤੋਂ ਵੀ ਕਿ ਉਹ ਬੁੱਤ ਤੋਂ ਘੱਟ ਨਹੀਂ । ਫ਼ਰਮਾਇਆ ਕਿ ਜੋ ਚੀਜ਼ ਸਚੱਾਈ ਵੱਲੋਂ ਤੁਹਾਡੇ ਮੂੰਹ ਮੋੜਦੀ ਹੈ ਉਹੋ ਹੀ ਤੁਹਾਡੇ ਮਾਰਗ ਵਿੱਚ ਬੁੱਤ ਹੈ । ਸਚੀ ਗਵਾਹੀ ਦਿਓ ਜੇਕਰ ਭਾਵੇਂ ਤੁਹਾਡੇ ਪਿਤਾ, ਭਰਾਵਾਂ ਜਾਂ ਮਿਤੱਰਾਂ ਉਪੱਰ ਹੋਵੇ ।

ਅਲੱਾਹ ਤਆਲਾ ਫ਼ਰਮਾਉਦਾ ਹੈ : ( يَاَيُّهَا الَّذِيْنَ اٰمَنُوْا كُوْنُوْا قَوّٰمِيْنَ بِالْقِسْطِ شُهَدَآءَ لِلّٰهِ وَلَوْ عَلٰٓى اَنْفُسِكُمْ اَوِ الْوَالِدَيْنِ وَالْاَقْرَبِيْنَ) 'ਯਾ ਅਯੁੱ ਹਲੱਜ਼ੀਨਾ ਆਮਾਨੂ ਕੂਨੂ ਕਵੱਾਮੀਨਾ ਬਿਲ ਕਿਸਤਿ ਸ਼ੁਹਾਦਾਆ ਲਿਲੱਾਹਿ ਵਲੌ ਅਲਾ ਅਨਫ਼ੁਸ਼ਿਕੁਮ ਅਵਿਲ ਵਾਲਿਦੈਨਿ ਵਲ ਅਕਰਾਬੀਨਾ' ਅਰਥਾਤ ਹੇ ਇਮਾਨ ਵਾਲਿਓ ਨਿਆਏ ਤੇ ਸੁਮਾਰਗ ਉਪੱਰ ਕਾਇਮ ਹੋ ਜਾਓ ਅਤੇ ਸੱਚੀ ਗਵਾਹੀਆਂ ਨੂੰ ਰੱਬ ਖ਼ਾਤਰ ਦਿਆ ਕਰੋ ਬੇਸ਼ਕ ਤੁਹਾਨੂੰ ਉਹਨਾ ਦਾ ਹਾਨ ਪਹੁੰਚੇ ਜਾਂ ਤੁਹਾਡੇ ਮਾਂਪਿਆਂ ਨੂੰ ਅਤੇ ਤੁਹਾਡੇ ਸਾਕਾਂ ਨੂੰ ਇਹਨਾ ਗਵਾਹੀਆਂ ਤੋਂ ਹਾਣ ਪਹੁੰਚੇ । ਸੋ, ਇਹ ਹੈ ਮਿਆਰ ਸਚੱਾਈ ਦਾ । ਬੇਸ਼ਕ ਇਹ ਨਿਆਏ ਦਾ ਵੀ ਮਿਆਰ ਹੈ ਪਰ ਨਿਆਏ ਕਾਇਮ ਨਹੀਂ ਹੁੰਦਾ ਉਸ ਸਮੇਂ ਤੱਕ ਜੱਦ ਤੱਕ ਸਚੱਾਈ ਨ ਹੋਵੇ । ਸੋ, ਇਹ ਮਿਆਰ ਹਨ ਜੋ ਇਕ ਮੋਮਨ ਲਈ ਜ਼ਰੂਰੀ ਹਨ । ਰੱਬ ਨੇ ਨਿਆਏ ਬਾਰੇ ਜੋ ਪੂਰੀ ਤਰ੍ਹਾਂ ਸਚੱਾਈ ਉਪੱਰ ਪੈਰ੍ਹ ਮਾਰੇ ਤੋਂ ਬਿਨਾ ਪ੍ਰਾਪਤ ਨਹੀਂ ਹੋ ਸਕਦਾ, ਫ਼ਰਮਾਇਆ ਹੈ ( لَا يَجْرِمَنَّكُمْ شَنَاٰنُ قَوْمٍ اَنْ صَدُّوْكُمْ عَنِ

(الْمَسْجِدِ الْحَرَامِ اَنْ تَعْتَدُوْا ۘ وَتَعَاوَنُوْا عَلَى الْبِرِّ وَالتَّقْوٰى) 'ਲਾ ਯਜਰਿ ਮਨੱਕੁਮ ਸ਼ਨਾਨੁ ਕੌਮਿਨ ਅਨ ਸਦੁੱਕੁਮ ਅਨਿਲ ਮਸਜਿਦਿਲ ਹਰਾਮਿ ਅਨ ਤਾਤਦੂ ਵ ਤਾਵਾਨੂ ਅਲਲ ਬਿੱਰਿ ਵਤੱਕਵਾ' ਅਰਥਾਤ ਦੁਸ਼ਮਣ ਕੌਮਾ ਦੀ ਦੁਸ਼ਮਣੀ ਤੁਹਾਡੇ ਨਿਆਏ ਵਿੱਚ ਰੋਕ ਨ ਹੋਵੇ । ਫ਼ਰਮਾਇਆ ਕਿ ਇੰਸਾਫ਼ ਉਪੱਰ ਕਾਇਮ ਰਹੋ ਕਿ ਤਕਵਾ (ਸੰਜਮਤਾ) ਇਸੇ ਵਿੱਚ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮੈਂ ਸੱਚ ਸੱਚ ਕਹਿੰਦਾ ਹਾਂ ਕਿ ਦੁਸ਼ਮਣ ਨਾਲ ਸਨਮਾਨ ਨਾਲ ਪੇਸ਼ ਆਉਣਾ ਸੌਖਾ ਹੈ ਪਰ ਦੁਸ਼ਮਣਾ ਦੇ ਅਧਿਕਾਰਾਂ ਦੀ ਸੁਰੱਖਿਆ ਕਰਨੀ ਅਤੇ ਮੁਕੱਦਮਿਆ ਵਿੱਚ ਨਿਆਏ ਤੇ ਇੰਸਾਫ਼ ਨੂੰ ਹੱਥੋਂ ਨ ਦੇਣਾ ਇਹ ਬਹੁਤ ਹੀ ਔਖਾ ਕੰਮ ਹੈ ਅਤੇ ਇਹ ਕੇਵਲ ਯੋਗ ਪੁਰੁਖਾਂ ਦਾ ਕੰਮ ਹੈ । ਆਪ ਫ਼ਰਮਾਉਂਦੇ ਹਨ ਕਿ ਰੱਬ ਨੇ ਇਸ ਆਇਤ ਵਿੱਚ ਪ੍ਰੇਮ ਦਾ ਵਰਨਣ ਨਹੀਂ ਕੀਤਾ ਸਗੋਂ ਪ੍ਰੇਮ ਦੇ ਮਿਆਰ ਦਾ ਵਰਨਣ ਕੀਤਾ ਹੈ ਕਿਉਂਕਿ ਜੋ ਮਨੁੱਖ ਆਪ ਜਾਨੀ ਦੁਸ਼ਮਣ ਨਾਲ ਨਿਆਏ ਕਰੇਗਾ ਅਤੇ ਸਚੱਾਈ ਤੇ ਨਿਆਏ ਨਾਲ ਖਿਮਾ ਨਹੀਂ ਕਰੇਗਾ ਉਹੋ ਹੀ ਹੈ ਜੋ ਸਚੱਾ ਪ੍ਰੇਮ ਵੀ ਕਰਦਾ ਹੈ ।

ਸੋ, ਇਕ ਮੋਮਨ ਦੀ ਸਚੱਾਈ ਦਾ ਮਿਆਰ ਇਹ ਹੋਵੇ ਕਿ ਇਕ ਦੁਸ਼ਮਣ ਨੂੰ ਵੀ ਹਾਣ ਪਹੁੰਚਾਉਣ ਲਈ ਝੂਠ ਨਹੀਂ ਬੋਲਣਾ । ਜੱਦ ਦੁਸ਼ਮਣ ਨਾਲ ਇਹ ਮਿਆਰ ਹੋਣਗੇ ਸਚੱਾਈ ਦੇ ਤਾਂ ਫਿਰ ਆਪਸੀ ਸੰਬੰਧਾ ਵਿੱਚ ਸਚੱਾਈ ਦੇ ਮਿਆਰ ਵਧੱਣ ਕਰਕੇ ਪ੍ਰੇਮ ਦੇ ਮਿਆਰ ਵਧੱਣਗੇ ਅਤੇ ਪ੍ਰੇਮ ਵਿੱਚ ਝੂਠ ਨਹੀਂ ਹੁੰਦਾ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਇਸ ਗੱਲ ਨੂੰ ਸਮਝਣ ਦੀ ਤੌਫ਼ੀਕ ਪ੍ਰਦਾਨ ਕਰੇ ਸਗੋਂ ਸਚੱਾਈ ਤੋਂ ਅੱਗੇ ਵਧੱਕੇ 'ਕੌਲੇ ਸਦੀਦ' (ਸੱਚੀ ਤੇ ਪੱਕੀ ਗੱਲ) ਉਪੱਰ ਕਾਇਮ ਹੋਣ ਦੀ ਤੌਫ਼ੀਕ ਪ੍ਰਦਾਨ ਕਰੇ ।

ਫ਼ਰਮਾਇਆ : ਫਿਰ ਇਕ ਮਹਤੱਵਪੂਰਨ ਨੇਕੀ ਜੋ ਮੋਮਨ ਦਾ 'ਖ਼ੁਲਕ' (ਆਚਰਣ) ਹੋਣਾ ਚਾਹੀਦਾ ਹੈ ਅਤੇ ਰੱਬ ਦੀ ਨੇੜਤਾ ਦੁਆਉਂਦਾ ਹੈ ਉਹ ਵਿਨ੍ਰਮਤਾ ਹੈ ਅਤੇ ਹੰਕਾਰ ਤੋਂ ਦੂਰੀ ਹੈ । ਹੰਕਾਰ ਕਰਨ ਵਾਲੇ ਲੋਕਾਂ ਬਾਰੇ ਰੱਬ ਫ਼ਰਮਾਉਂਦਾ ਹੈ ਕਿ ( وَلَا تُصَعِّرْ خَدَّكَ لِلنَّاسِ وَلَا تَمْشِ فِي الْاَرْضِ مَرَحًا ؕ اِنَّ اللّٰهَ لَا يُحِبُّ كُلَّ مُخْتَالٍ فَخُوْرٍ) 'ਵਲਾ ਤੁਸਾਅਇਰ ਖ਼ਦੱਕਾ ਲਿਨੱਾਸਿ ਵਲਾ ਤਮਸ਼ਿ ਫ਼ਿਲ ਅਰਜ਼ਿ ਮਰਾਹਾ, ਇਨੱਲੱਾਹਾ ਲਾ ਯੁਹਿਬੁੱ ਕੁਲੱਾ ਮੁਖ਼ਤਾਲਿਨ ਫ਼ਖ਼ੂਰ' ਕਿ ਅਭਿਮਾਨ ਨਾਲ ਮਨੁੱਖਾਂ ਲਈ ਅਪਣੇ ਮੂੰਹ ਨ ਫੁਲਾਓ ਅਤੇ ਧਰਤੀ ਉਪੱਰ ਐਵੇਂ ਹੀ ਆਕੜਦਿਆਂ ਹੋਇਆ ਨਾ ਫਿਰਿਆ ਕਰੋ, ਰੱਬ ਕਿਸੇ ਹੰਕਾਰ ਕਰਨ ਵਾਲੇ ਤੇ ਘਮੰਡੀ ਤੇ ਹੰਕਾਰੀ ਨੂੰ ਪਸੰਦ ਨਹੀਂ ਕਰਦਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਚੇਤੇ ਰੱਖੋ ਹੰਕਾਰ ਸ਼ੈਤਾਨ ਤੋਂ ਆਇਆ ਹੈ ਸ਼ੈਤਾਨ ਬਣਾ ਦਿੰਦਾ ਹੈ । ਜੱਦ ਤੱਕ ਮਨੁੱਖ ਉਸ ਤੋਂ ਦੂਰ ਨ ਹੋਵੇ ਇਹ ਸਚੱਾਈ ਦੇ ਮੰਨ੍ਹਣ ਤੇ ਈਸ਼ਵਰੀ ਹਿਤਾਂ ਦੇ ਮਾਰਗ ਵਿੱਚ ਰੋਕ ਬਣ ਜਾਂਦਾ ਹੈ । ਇਸੇ ਪ੍ਰਕਾਰ ਹੰਕਾਰ ਵੀ ਨਹੀਂ ਕਰਨਾ ਚਾਹੀਦਾ ਨ ਗਿਆਨ ਦੇ ਪੱਖੋਂ ਨ ਧੰਨ ਦੇ ਪੱਖੋਂ ਨ ਮਰਤਬੇ ਦੇ ਪੱਖੋ ਨ ਜਾਤੀ ਦੇ ਪੱਖੋਂ ਨ ਪਰਿਵਾਰ ਦੇ ਪੱਖੋਂ ਅਤੇ ਨ ਖਾਨਦਾਨ ਦੇ ਪੱਖੋਂ ਕਿਉਂ ਅਧਿਕਤਰ ਇਹਨਾਂ ਹੀ ਗਲੱਾਂ ਕਰਕੇ ਹੰਕਾਰ ਪੈਦਾ ਹੁੰਦਾ ਹੈ ਅਤੇ ਜੱਦ ਤੱਕ ਮਨੁੱਖ ਇਹਨਾਂ ਹੰਕਾਰਾਂ ਤੋਂ ਆਪਣੇ ਆਪ ਨੂੰ ਪਾਕ ਤੇ ਸਾਫ਼ ਨਹੀਂ ਕਰੇਗਾ ਉਸ ਸਮੇਂ ਤੱਕ ਉਹ ਰੱਬ ਦਾ ਕਰੀਬੀ ਤੇ ਨੇਕ ਬੰਦਾ ਨਹੀਂ ਹੋ ਸਕਦਾ । ਸ਼ੈਤਾਨ ਨੇ ਵੀ ਹੰਕਾਰ ਕੀਤਾ ਅਤੇ ਆਦਮ ਤੋਂ ਆਪਣੇ ਆਪਨੂੰ ਚੰਗਾ ਸਮਝਿਆ ਅਤੇ ਕਹਿ ਦਿਤੱਾ ਕਿ ( اَنَا خَيْرٌ مِّنْهُ ۚ خَلَقْتَنِيْ مِنْ نَّارٍ وَّخَلَقْتَهٗ مِنْ طِيْنٍ) ਅਨਾ ਖ਼ੈਰੁੰਮ ਮਿਨਹੁ, ਖ਼ਲਕਤਨੀ ਮਿਨ ਨਾਰਿੰਵ ਵ ਖ਼ਲਕਤਾਹੁ ਮਿਨ ਤੀਨ' ਫਿਰ ਇਸ ਦਾ ਸਿਟੱਾ ਇਹ ਹੋਇਆ ਕਿ ਇਹ ਰੱਬ ਦੀ ਹਜ਼ੂਰੀ ਧ੍ਰਿਕਾਰਯੋਗ ਹੋ ਗਿਆ ਅਤੇ ਆਦਮ ਆਪਣੀ ਕਮਜ਼ੋਰੀ ਦੀ ਮਾਨਤਾ ਕਰਨ ਲਗੱਾ ਅਤੇ ਰੱਬ ਦੀਆਂ ਮਿਹਰਾਂ ਦਾ

ਪਾਤਰ ਹੋਇਆ । ਉਹ ਜਾਣਦੇ ਸਨ ਕਿ ਰੱਬ ਦੀਆਂ ਮਿਹਰਾਂ ਤੋਂ ਬਿਨਾ ਕੁਝ ਨਹੀਂ ਹੋ ਸਕਦਾ । ਇਸ ਲਈ ਦੁਆ ਕੀਤੀ, ( رَبَّنَا ظَلَمْنَآ اَنْفُسَنَا وَاِنْ لَّمْ تَغْفِرْ لَنَا وَتَرْحَمْنَا لَنَكُوْنَنَّ مِنَ الْخٰسِرِيْنَ) ਰਬੱਨਾ ਜ਼ਲਮਨਾ ਅਨਫ਼ੁਸਾਨਾ, ਵ ਇਨ ਲਮ ਤਗ਼ਫ਼ਿਰਲਨਾ ਵ ਤਰਹਮਨਾ ਲਨਕੂਨਨੱਾ ਮਿਨਲ ਖ਼ਾਸਿਰੀਨ' । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਮਾਤ ਨੂੰ ਨਸੀਹਤ ਫ਼ਰਮਾਈ ਕਿ ਇਹ ਦੁਆ ਪੜ੍ਹਦੇ ਰਹਿਣਾ ਚਾਹੀਦਾ ਹੈ । ਅੱਜ ਕੱਲ (ਰਮਜ਼ਾਨ ਦੇ) ਅਖੀਰਲੇ ਦਹਾਕੇ ਵਿੱਚੋਂ ਲੰਘ ਰਹੇ ਹਾਂ । ਅੱਗ ਤੋਂ ਬਚਣ ਲਈ ਰੱਬ ਦੀ ਮਿਹਰ ਪ੍ਰਾਪਤ ਕਰਨ ਲਈ ਇਹਨਾਂ ਦੁਆਵਾਂ ਦੀ ਬਹੁਤ ਲੋੜ ਹੈ ।

ਆਪ ਫ਼ਰਮਾਉਂਦੇ ਹਨ : ਸੱਚੀ ਮਆਰਫ਼ਤ ਉਸੇ ਦਾ ਨਾਂ ਹੈ ਕਿ ਮਨੁੱਖ ਆਪਣੇ ਆਪੇ ਨੂੰ ਤੁੱਛ ਤੇ ਨਾਚੀਜ਼ (ਕੋਈ ਸ਼ੈ ਵੀ ਨਹੀਂ) ਸਮਝੇ ਅਤੇ ਰੱਬ ਦੀ ਹਜ਼ੂਰੀ ਵਿੱਚ ਡਿਗੱਕੇ ਵਿਨਮ੍ਰਤਾ ਤੇ ਆਜਜ਼ੀ ਨਾਲ ਰੱਬ ਦੀਆਂ ਮਿਹਰਾਂ ਨੂੰ ਮੰਗੇ ਅਤੇ ਉਸ ਮਾਅਰਫ਼ਤ ਦੇ ਨੂਰ ਨੂੰ ਮੰਗੇ ਜੋ ਮਨੁੱਖੀ ਭਾਵਨਾਵਾਂ ਨੂੰ ਸਾੜ ਸੁੱਟੇ ਅਤੇ ਅੰਦਰ ਇਕ ਰੋਸ਼ਨੀ ਅਤੇ ਨੇਕੀਆਂ ਲਈ ਸ਼ਕਤੀ ਤੇ ਹਰਾਰਤ ਪੈਦਾ ਕਰਦਾ ਹੈ । ਹਜ਼ਰਤ ਮਸੀਹ ਮੌਓਦੂ ਅਲੈਹਿ ਸਲਾਮ ਫ਼ਰਮਾਉਂਦੇ ਹਨ : ਵਾਸਤਵ ਵਿੱਚ ਇਹ ਗੰਦ ਜੋ ਮਨੁੱਖੀ ਭਾਵਨਾਵਾਂ ਦਾ ਹੈ ਅਤੇ ਦੁਰਆਚਰਣ ਤੇ ਹੰਕਾਰ ਅਦਿ ਦੀ ਅਵਸਥਾ ਵਿੱਚ ਪ੍ਰਕਟ ਹੁੰਦਾ ਹੈ ਇਸ'ਤੇ ਮੌਤ ਨਹੀਂ ਆਉਂਦੀ ਜੱਦ ਤੱਕ ਰੱਬ ਦੀ ਮਿਹਰ ਨ ਹੋਵੇ । ਇਹੋ ਕਾਰਣ ਹੈ ਕਿ ਜੱਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਪੁੱਛਿਆ ਗਿਆ ਕਿ ਕੀ ਆਪ ਅਮਲਾਂ ਨਾਲ ਜਨੱਤ ਵਿੱਚ ਦਾਖ਼ਲ ਹੋਣਗੇ ਤਾਂ ਇਹੋ ਫ਼ਰਮਾਇਆ ਕਿ ਉਕੱਾ ਹੀ ਨਹੀਂ ਸਗੋਂ ਰੱਬ ਦੀ ਮਿਹਰ ਨਾਲ । ਫ਼ਰਮਾਇਆ ਕਿ ਅੰਬਿਆ ਅਲੈਹਿਮ ਸਲਾਮ ਕਦੇ ਕਿਸੇ ਸ਼ਕਤੀ ਜਾਂ ਤਾਕਤ ਨੂੰ ਆਪਣੀ ਵੱਲ ਨਹੀਂ ਮੜ੍ਹਦੇ, ਉਹ ਰੱਬ ਤੋਂ ਹੀ ਪ੍ਰਾਪਤ ਕਰਦੇ ਹਨ ਅਤੇ ਉਸੇ ਦਾ ਨਾਂ ਲੈਂਦੇ ਹਨ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਅੰਬਿਆ (ਅਵਤਾਰ) ਜੋ ਰੱਬ ਦੇ ਵਿਸ਼ੇਸ਼ ਬੰਦੇ ਹਨ ਉਹਨਾਂ ਦਾ ਇਹ ਹਾਲ ਹੈ, ਇਕ ਸਾਧਾਰਣ ਵਿਅਕਤੀ ਨੂੰ ਕਿੰਨ੍ਹੀ ਆਜਜ਼ੀ ਦਿਖਾਉਂਣੀ ਚਾਹੀਦੀਹੈ ਅਤੇ ਕਿੰਨ੍ਹਾ ਰੱਬ ਦੀਆਂ ਮਿਹਰਾਂ ਦਾ ਧੰਨਵਾਦੀ ਹੁੰਦਿਆਂ ਹੋਇਆ ਹੋਰ ਵਧੇਰੇ ਝੁਕਦੇ ਜਾਣਾ ਚਾਹੀਦਾ ਹੈ ।

ਅਲੱਾਹ ਤਆਲਾ ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੁਨੱਤ (ਮਰਿਆਦਾ) ਅਤੇ ਆਪ ਜੀ ਦੇ ਦੱਸੇ ਹੋਏ ਤਰੀਕਿਆਂ ਉਪੱਰ ਚਲਦਿਆਂ ਹੋਇਆਂ ਸਾਰੀਆਂ ਬੁਰਾਈਆਂ ਤੋਂ ਬਚਣ ਅਤੇ ਸਾਰਿਆਂ ਉਚੱਤਮ ਆਚਰਣਾ ਨੂੰ ਹਾਸਲ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ । ਸਾਡੀਆਂ ਸਚੱਾਈਆਂ ਦੇ ਵੀ ਮਿਆਰ ਹੋਣ ਜੋ ਰੱਬ ਦੀ ਨੇੜਤਾ ਦੁਆਉਣ ਵਾਲੇ ਹੋਣ ਅਤੇ ਸਾਡੇ ਵਿਨਮ੍ਰਤਾ ਦੇ ਵੀ ਉਹ ਮਿਆਰ ਹੋਣ ਜੋ ਰੱਬ ਨੂੰ ਪਸੰਦ ਆਉਣ । ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਦੇ ਅਜਿਹੇ ਵਿਅਕਤੀ ਬਣੀਏ ਜਿਵੇਂ ਕਿ ਉਹ ਸਾਨੂੰ ਦੇਖਣਾ ਚਾਹੁੰਦੇ ਹਨ ।

**Khulasa Khutba Jumma 016.06.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131